# ਭਾਰਤ ਸੰਯੁਕਤ ਰਾਸ਼ਟਰ ਦੀ ਗਲੋਬਲ ਸਮਰੱਥਾ ਨਿਰਮਾਣ ਪਹਿਲ ਦੇ ਅਧੀਨ ਪ੍ਰੋਜੈਕਟ ਦੀ ਸ਼ੁਰੂਆਤ

02 ਅਗਸਤ, 2025

"ਭਾਰਤ ਸੰਯੁਕਤ ਰਾਸ਼ਟਰ ਗਲੋਬਲ ਸਮਰੱਥਾ ਨਿਰਮਾਣ ਪਹਿਲ" ਦੀ ਸਰਪ੍ਰਸਤੀ ਦੇ ਤਹਿਤ ਚਾਰ ਪ੍ਰੋਜੈਕਟਾਂ ਦੀ ਪਹਿਲੀ ਖੇਪ, ਸਕੱਤਰ (ਪੱਛਮ) ਸ਼੍ਰੀ ਤਨਮਯਾ ਲਾਲ, ਵਿਦੇਸ਼ ਮੰਤਰਾਲੇ ਵੱਲੋਂ 01 ਅਗਸਤ, 2025 ਨੂੰ ਸ਼ੁਰੂ ਕੀਤੀ ਗਈ ਸੀ। ਜਿੱਥੇ ਇਹ ਪ੍ਰੋਜੈਕਟ ਲਾਂਚ ਕੀਤੇ ਜਾ ਰਹੇ ਹਨ ਉਨ੍ਹਾਂ ਦੇਸ਼ਾਂ ਦੇ ਮਿਸ਼ਨਾਂ ਦੇ ਪ੍ਰਮੁੱਖ, ਸੰਯੁਕਤ ਰਾਸ਼ਟਰ ਦੇ ਨਿਵਾਸੀ ਕੋਆਰਡੀਨੇਟਰ ਸ਼੍ਰੀ ਸ਼ੋਮਬੀ ਸ਼ਾਰਪ, ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਦੇ ਮੁਖੀ ਅਤੇ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਲਾਂਚ ਦੇ ਦੌਰਾਨ ਮੌਜੂਦ ਸਨ।

2. ਮਾਨਯੋਗ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਦੀ ਮੌਜੂਦਗੀ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੇ 78ਵੇਂ ਸੈਸ਼ਨ ਦੇ ਦੌਰਾਨ ਸਤੰਬਰ 2023 ਵਿੱਚ ਪਹਿਲ ਦੀ ਘੋਸ਼ਣਾ ਕੀਤੀ ਗਈ ਸੀ, ਜਿਸ ਤੋਂ ਬਾਅਦ ਵਿਦੇਸ਼ ਮੰਤਰਾਲੇ ਅਤੇ ਭਾਰਤ ਵਿੱਚ ਸੰਯੁਕਤ ਰਾਸ਼ਟਰ ਦੀ ਟੀਮ ਨੇ ਸੰਯੁਕਤ ਤੌਰ 'ਤੇ SDG ਟੀਚਿਆਂ ਨੂੰ ਤੇਜ਼ ਕਰਨ ਲਈ ਸਾਊਥ- ਸਾਊਥ ਸਹਿਯੋਗ ਨੂੰ ਵਧਾਵਾ ਦੇਣ ਲਈ ਪ੍ਰੋਜੈਕਟ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਲਾਗੂਕਰਨ ਲਈ ਕੰਮ ਕੀਤਾ।

3. ਭਾਰਤ ਗਲੋਬਲ ਸਾਊਥ ਲਈ ਸਮਰੱਥਾ ਨਿਰਮਾਣ ਦੇ ਯਤਨਾਂ ਵਿੱਚ ਇੱਕ ਮੋਢੀ ਹੈ। ITEC (ਭਾਰਤੀ ਤਕਨੀਕੀ ਅਤੇ ਆਰਥਿਕ ਸਹਿਯੋਗ) ਇਸ ਦਾ ਫਲੈਗਸ਼ਿਪ ਪ੍ਰੋਗਰਾਮ ਹੈ ਜਿਸ ਦੇ ਤਹਿਤ ਹਰ ਸਾਲ 400 ਤੋਂ ਵੱਧ ਵਿਸ਼ੇਸ਼ ਕੋਰਸਾਂ ਵਿੱਚ ਲਗਭਗ 160 ਦੇਸ਼ਾਂ ਨੂੰ 12000 ਤੋਂ ਵੱਧ ਸਿਖਲਾਈ ਦੇ ਸਲਾਟ ਪ੍ਰਦਾਨ ਕੀਤੇ ਜਾਂਦੇ ਹਨ, ਜਿਸ ਦੀ ਸ਼ੁਰੂਆਤ ਤੋਂ ਹੁਣ ਤੱਕ 225000 ਤੋਂ ਵੱਧ ਸਿਖਲਾਈ ਸਲਾਟ ਪੂਰੇ ਕੀਤੇ ਗਏ ਹਨ।

4. ਭਾਰਤ ਸੰਯੁਕਤ ਰਾਸ਼ਟਰ ਗਲੋਬਲ ਸਾਊਥ ਸਮਰੱਥਾ ਨਿਰਮਾਣ ਤਕਨੀਕੀ ਅਤੇ ਆਰਥਿਕ ਖੇਤਰਾਂ ਵਿੱਚ ਭਾਰਤ ਦੀ ਸਮਰੱਥਾ ਨਿਰਮਾਣ ਮਹਾਰਤ ਦਾ ਇੱਕ ਕੁਦਰਤੀ ਵਿਸਤਾਰ ਹੈ, ਜਿਸ ਵਿੱਚ ਸੰਯੁਕਤ ਰਾਸ਼ਟਰ ਏਜੰਸੀਆਂ ਨੂੰ ਆਨਬੋਰਡ ਕਰਨਾ, SDG ਨੂੰ ਪ੍ਰਾਪਤ ਕਰਨ ਲਈ ਸਕਾਰਾਤਮਕ ਪ੍ਰਭਾਵ ਪਾਉਣ ਲਈ ਵਿਸ਼ੇਸ਼ ਸਿਖਲਾਈ ਰਾਹੀਂ ਉਨ੍ਹਾਂ ਦੇ ਮਨੁੱਖੀ ਸਰੋਤਾਂ ਨੂੰ ਸਮਰਥਨ ਦੇਣ ਦੇ ਉਦੇਸ਼ ਨਾਲ ਸੰਬੰਧਿਤ ਦੇਸ਼ਾਂ ਵਿੱਚ ਮੰਗ-ਸੰਚਾਲਿਤ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਨਾ ਸ਼ਾਮਲ ਹੈ। ਸੰਯੁਕਤ ਰਾਸ਼ਟਰ ਏਜੰਸੀ SDG ਮੁਖੀ ਪ੍ਰੋਜੈਕਟ ਅਤੇ ਹੋਰ ਪਹਿਲੂਆਂ ਦੀ ਪਛਾਣ ਕਰਨ ਵਿੱਚ ਮੇਜ਼ਬਾਨ ਸਰਕਾਰ ਦਾ ਸਮਰਥਨ ਕਰੇਗੀ ਜੱਦ ਕਿ ਭਾਰਤ ਸਰਕਾਰ ਦੇ ITEC ਪ੍ਰੋਗਰਾਮ ਰਾਹੀਂ ਸਿਖਲਾਈ ਦੇ ਹਿੱਸੇ ਨੂੰ ਲਾਗੂ ਕੀਤਾ ਜਾਵੇਗਾ।

5. ਪਹਿਲੇ ਪੜਾਅ ਵਿੱਚ, ਲਾਗੂ ਕਰਨ ਲਈ ਚਾਰ ਪ੍ਰੋਜੈਕਟਾਂ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚ ਸ਼ਾਮਲ ਹਨ (ੳ) ਵਿਸ਼ਵ ਭੋਜਨ ਪ੍ਰੋਗਰਾਮ ਦੇ ਸਮਰਥਨ ਨਾਲ ਨੇਪਾਲ ਵਿੱਚ ਚਾਵਲ ਦਾ ਫੋਰਟੀਫਿਕੇਸ਼ਨ ਅਤੇ ਸਪਲਾਈ ਚੇਨ ਪ੍ਰਬੰਧਨ; (ਅ) UNDP ਦੇ ਸਮਰਥਨ ਨਾਲ ਜ਼ਾਂਬੀਆ ਅਤੇ ਲਾਓ PDR ਲਈ ਡਿਜਿਟਲ ਹੈਲਥ ਪਲੇਟਫਾਰਮ; (ੲ) UN ਆਬਾਦੀ ਫੰਡ ਦੇ ਸਮਰਥਨ ਨਾਲ ਬੇਲੀਜ਼, ਬਾਰਬਾਡੋਸ, ਸੇਂਟ ਕਿੱਟਸ ਅਤੇ ਨੇਵੀਜ਼, ਸੂਰੀਨਾਮ ਅਤੇ ਤ੍ਰਿਨਿਦਾਦ ਅਤੇ ਟੋਬੈਗੋ ਵਿੱਚ ਜਨਗਣਨਾ ਤਿਆਰੀ; ਅਤੇ (ਸ) UNESCO ਦੇ ਸਮਰਥਨ ਨਾਲ ਦੱਖਣੀ ਸੂਡਾਨ ਲਈ ਕਿੱਤਾਮੁਖੀ ਸਿਖਲਾਈ ਪ੍ਰੋਗਰਾਮ। ਇਨ੍ਹਾਂ ਪ੍ਰੋਜੈਕਟਾਂ ਲਈ, ITEC ਸਿਖਲਾਈ ਸੰਸਥਾਨਾਂ ਦੀ ਪਛਾਣ ਕੀਤੀ ਗਈ ਹੈ ਅਤੇ ਕੋਰਸ ਸਤੰਬਰ 2025 ਤੋਂ ਲਾਗੂ ਹੋਣ ਦੀ ਉਮੀਦ ਹੈ।

ਨਵੀਂ ਦਿੱਲੀ

01 ਅਗਸਤ, 2025